بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّيْ عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ

لَا اِلٰهَ اِلَّا اللّٰهُ مُحَمَّدٌ رَّسُوْلُ اللّٰهِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬੇ-ਮਿਸਾਲ ਸ਼ੁਕਰ ਗੁਜ਼ਾਰੀ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 07 ਅਗਸਤ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸ਼ੁਕਰ ਗੁਜ਼ਾਰੀ ਦੇ ਮਿਆਰ, ਆਪ ﷺ ਦੇ ਅਮਲ ਅਤੇ ਇਰਸ਼ਾਦਾਂ ਦਾ ਜ਼ਿਕਰ ਜਲਸੇ ਤੋਂ ਪਹਿਲਾਂ ਮੈਂ ਕੀਤਾ ਸੀ। ਇਸੇ ਬਾਰੇ ਮੈਂ ਅੱਜ ਵੀ ਬਿਆਨ ਕਰਾਂਗਾ। ਅੱਲਾਹ ਤਆਲਾ ਦੇ ਸ਼ੁਕਰ ਵੱਲ ਤਵੱਜੋ ਦਵਾਉਂਦੇ ਹੋਏ ਛੋਟੀ ਤੋਂ ਛੋਟੀ ਗੱਲ ‘ਤੇ ਸ਼ੁਕਰ ਕਰਨ ਦੀ ਆਪ ﷺ ਨੇ ਹਿਦਾਇਤ ਫ਼ਰਮਾਈ।

ਹਜ਼ਰਤ ਅਨਸ ਬਿਨ ਮਾਲਿਕ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਰਸੂਲੁੱਲਾਹ ﷺ ਨੇ ਫ਼ਰਮਾਇਆ ਕਿ ਅੱਲਾਹ ਆਪਣੇ ਬੰਦੇ ਦੇ ਉਸ ਕੰਮ ‘ਤੇ ਖ਼ੁਸ਼ ਹੁੰਦਾ ਹੈ ਕਿ ਜਦ ਉਹ ਕੋਈ **ਬੁਰਕੀ** ਖਾਵੇ ਜਾਂ ਕੋਈ **ਘੁੱਟ** ਪੀਵੇ ਤਾਂ ਉਸ ‘ਤੇ ਖ਼ੁਦਾ ਦੀ ਹਮਦ ਕਰੇ।

ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਬਿਆਨ ਕਰਦੀ ਹਨ ਕਿ ਇੱਕ ਦਿਨ ਨਬੀ ਕਰੀਮ ﷺ ਘਰ ਵਿੱਚ ਦਾਖ਼ਿਲ ਹੋਏ ਅਤੇ ਰੋਟੀ ਦਾ ਟੁਕੜਾ ਪਿਆ ਹੋਇਆ ਦੇਖਿਆ। ਆਪ ﷺ ਨੇ ਰੋਟੀ ਦਾ ਟੁਕੜਾ ਚੁੱਕਿਆ, ਸਾਫ਼ ਕੀਤਾ ਅਤੇ ਉਸ ਨੂੰ ਖਾ ਲਿਆ। ਫਿਰ ਫ਼ਰਮਾਇਆ ਕਿ ਐ ਆਇਸ਼ਾ! **ਸਤਿਕਾਰਯੋਗ** ਚੀਜ਼ਾਂ ਦੀ ਇੱਜ਼ਤ ਕਰਿਆ ਕਰੋ। ਜਦ ਇਹ ਰਿਜ਼ਕ਼ ਦੀ **ਨਿਅਮਤ** ਕਿਸੇ ਕ਼ੌਮ ‘ਚੋਂ ਚਲੀ ਜਾਂਦੀ ਹੈ ਤਾਂ ਫਿਰ ਇਹ ਉਨ੍ਹਾਂ ਨੂੰ ਨਹੀਂ ਮਿਲ਼ਦੀ। ਇਹ ਆਪ ﷺ ਦਾ ਅਮਲ ਸੀ।

ਹਜ਼ੂਰ ਫ਼ਰਮਾਉਂਦੇ ਹਨ: ਜੇਕਰ ਸਾਨੂੰ ਵੀ **ਰਿਜ਼ਕ਼** ਵਿੱਚ ਬਰਕਤ ਦੀ ਖ਼ਾਹਿਸ਼ ਹੈ ਤਾਂ ਸਾਨੂੰ ਵੀ ਅੱਲਾਹ ਤਆਲਾ ਦੀ ਹਰ ਛੋਟੀ ਤੋਂ ਛੋਟੀ ਚੀਜ਼ ‘ਤੇ ਉਸ ਦਾ ਸ਼ੁਕਰ ਕਰਨਾ ਚਾਹੀਦਾ ਹੈ।

ਹਜ਼ਰਤ ਇਬਨਿ ਅੱਬਾਸ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਫ਼ਤਿਹ ਮੱਕਾ ਦੇ ਦਿਨ ਹਜ਼ੂਰ ﷺ ਹਜ਼ਰਤ ਉੱਮਿ ਹਾਨੀ ਰਜ਼ਿ ਅੱਲਾਹੁ ਅਨਹਾ ਦੇ ਘਰ ਤਸ਼ਰੀਫ਼ ਲੈ ਗਏ। ਆਪ ﷺ ਨੂੰ ਭੁੱਖ ਲੱਗੀ ਹੋਈ ਸੀ। ਆਪ ﷺ ਨੇ ਪੁੱਛਿਆ ਕਿ ਕੀ ਤੁਹਾਡੇ ਘਰ ਵਿੱਚ ਕੋਈ ਚੀਜ਼ ਹੈ ਜਿਸ ਨੂੰ ਅਸੀਂ ਖਾ ਸਕੀਏ? ਉਨ੍ਹਾਂ ਨੇ ਦੱਸਿਆ ਕਿ **ਸੁੱਕੀ** ਹੋਈ ਰੋਟੀ ਦੇ ਟੁਕੜਿਆਂ ਦੇ ਸਿਵਾਏ ਮੇਰੇ ਕੋਲ਼ ਹੋਰ ਕੁੱਝ ਨਹੀਂ। ਮੈਨੂੰ ਸ਼ਰਮ ਆਉਂਦੀ ਹੈ ਕਿ ਮੈਂ ਇਹ ਆਪ ﷺ ਦੀ ਖ਼ਿਦਮਤ ਵਿੱਚ ਪੇਸ਼ ਕਰਾਂ। ਆਪ ﷺ ਨੇ ਫ਼ਰਮਾਇਆ ਕਿ ਉਹੀ ਲੈ ਆਓ। ਫਿਰ ਆਪ ﷺ ਨੇ ਰੋਟੀ ਦੇ ਸੁੱਕੇ ਟੁਕੜਿਆਂ ਨੂੰ ਪਾਣੀ ਵਿੱਚ ਪਾ ਕੇ ਨਰਮ ਕੀਤਾ। ਉਹ ਨਮਕ ਲੈ ਆਈ। ਆਪ ﷺ ਨੇ ਫ਼ਰਮਾਇਆ ਕਿ ਕੀ ਕੋਈ **ਸਾਲਨ** ਹੈ? ਉਨ੍ਹਾਂ ਨੇ ਅਰਜ਼ ਕੀਤਾ ਕਿ ਸਿਵਾਏ ਥੋੜ੍ਹੇ ਜਿਹੇ **ਸਿਰਕੇ** ਦੇ ਹੋਰ ਕੁੱਝ ਨਹੀਂ ਹੈ। ਆਪ ﷺ ਨੇ ਫ਼ਰਮਾਇਆ ਕਿ ਉਹੀ ਲੈ ਆਓ। ਆਪ ﷺ

ਨੇ ਉਸ ਨੂੰ ਆਪਣੇ ਖਾਣੇ ‘ਤੇ ਉਡੇਲਿਆ ਅਤੇ ਅੱਲਾਹ ਦੀ ਹਮਦ ਕੀਤੀ ਅਤੇ ਫ਼ਰਮਾਇਆ ਕਿ ਸਿਰਕਾ ਬਹੁਤ ਹੀ ਉਮਦਾ ਸਾਲਨ ਹੈ। ਉਹ ਘਰ ਗ਼ਰੀਬ ਨਹੀਂ ਹੁੰਦਾ ਜਿਸ ਵਿੱਚ **ਸਿਰਕਾ** ਹੋਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਹ ਸਨ ਆਪ ﷺ ਦੇ ਸ਼ੁਕਰ ਗੁਜ਼ਾਰੀ ਦੇ ਮਿਆਰ। ਅਸੀਂ ਇਨ੍ਹਾਂ ਤਰੱਕੀ ਯਾਫ਼ਤਾ ਮੁਲਕਾਂ ਵਿੱਚ ਰਹਿੰਦੇ ਹਾਂ ਅਤੇ ਅੱਲਾਹ ਤਆਲਾ ਦੀਆਂ ਬੇ-ਸ਼ੁਮਾਰ ਨਿਅਮਤਾਂ ਤੋਂ ਫ਼ਾਇਦਾ ਉਠਾਉਂਦੇ ਹਾਂ, ਫਿਰ ਵੀ ਉਸ ਦੀ ਸ਼ੁਕਰ ਗੁਜ਼ਾਰੀ ਦਾ **ਹੱਕ਼** ਅਦਾ ਨਹੀਂ ਕਰਦੇ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਤੁਹਾਡੇ ਜਿਸਮ ‘ਤੇ ਕਦੀ **ਪਾਟਿਆ** ਹੋਇਆ ਕੱਪੜਾ ਹੋਵੇ ਤਾਂ ਤੁਸੀਂ ਰੋਣ ਲੱਗ ਜਾਂਦੇ ਹੋ ਅਤੇ ਕਹਿੰਦੇ ਹੋ ਕਿ ਸਾਡੀ ਕ਼ਿਸਮਤ ਕੈਸੀ ਫੁੱਟ ਗਈ ਹੈ ਕਿ ਸਾਨੂੰ ਪਹਿਨਣ ਨੂੰ ਪਾਟਿਆ ਹੋਇਆ ਕੱਪੜਾ ਮਿਲਿਆ। ਪਰ ਸਹਾਬਾ ਨੂੰ ਪਾਟਿਆ ਹੋਇਆ ਕੱਪੜਾ ਮਿਲਦਾ ਤਾਂ ਉਨ੍ਹਾਂ ਦਾ ਸਿਰ ਅੱਲਾਹ ਤਆਲਾ ਦੇ ਹਜ਼ੂਰ ਝੁਕ ਜਾਂਦਾ। ਉਹ ਕਹਿੰਦੇ, ਕਿੰਨਾ ਚੰਗਾ ਕੱਪੜਾ ਹੈ ਜਿਹੜਾ ਸਾਡੇ ਖ਼ੁਦਾ ਨੇ ਸਾਨੂੰ ਦਿੱਤਾ। ਉਨ੍ਹਾਂ ਨੂੰ ਜੇਕਰ ਸੁੱਕੀ ਹੋਈ ਰੋਟੀ ਦਾ ਇੱਕ ਟੁਕੜਾ ਵੀ ਚਾਰ ਦਿਨ ਬਾਅਦ ਮਿਲਦਾ ਤਾਂ ਖ਼ੁਸ਼ੀ ਨਾਲ ਉਨ੍ਹਾਂ ਦੀਆਂ ਅੱਖਾਂ ਵਿੱਚ ਚਮਕ ਪੈਦਾ ਹੋ ਜਾਂਦੀ ਅਤੇ ਉਹ ਕਹਿੰਦੇ **ਅਲ੍-ਹਮਦੁਲਿੱਲਾਹ**।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਜਮਾਅਤ ਦੇ ਲੋਕਾਂ ਨੂੰ ਮੁਖ਼ਾਤਿਬ ਕਰਕੇ ਫ਼ਰਮਾਉਂਦੇ ਹਨ ਕਿ ਜਦ ਤੱਕ ਤੁਹਾਨੂੰ ਇਹ ਅਹਿਸਾਸ ਪੈਦਾ ਨਹੀਂ ਹੁੰਦਾ ਕਿ ਖ਼ੁਦਾ ਨੇ ਤੁਹਾਨੂੰ ਕਿਸ **ਮਕ਼ਸਦ** ਦੇ ਲਈ ਪੈਦਾ ਕੀਤਾ ਹੈ, ਉਦੋਂ ਤੱਕ ਤੁਸੀਂ ਕੰਮ ਕੀ ਕਰਨਾ ਹੈ? ਤੁਹਾਨੂੰ ਖ਼ੁਦਾ ਨੇ ਉਸ ਮੁਕ਼ਾਮ ‘ਤੇ ਖੜਾ ਕੀਤਾ ਹੈ ਕਿ ਤੁਹਾਡਾ ਦਿਲ ਖ਼ੁਸ਼ੀ ਦੀਆਂ ਲਹਿਰਾਂ ਨਾਲ ਹਰ ਵੇਲੇ ਭਰਿਆ ਰਹਿਣਾ ਚਾਹੀਦਾ ਹੈ ਅਤੇ ਤੁਸੀਂ ਹਰ ਵੇਲੇ ਬੇ-ਦਾਰ ਅਤੇ ਹੁਸ਼ਿਆਰ ਨਜ਼ਰ ਆਉਣੇ ਚਾਹੀਦੇ ਹੋ। ਜੇਕਰ ਇਹ ਚੀਜ਼ ਤੁਹਾਡੇ ਅੰਦਰ ਪੈਦਾ ਹੋ ਜਾਵੇ ਤਾਂ ਫ਼ੌਰੀ ਤੌਰ ‘ਤੇ ਤੁਹਾਡੇ ਵਿੱਚ ਉਹ ਤਾਕ਼ਤ ਪੈਦਾ ਹੋ ਜਾਵੇਗੀ ਕਿ ਥੋੜੀ ਤੋਂ ਥੋੜੀ **ਖ਼ੁਰਾਕ** ਵੀ ਤੁਹਾਨੂੰ ਕੰਮ ਕਰਨ ਦੇ ਕ਼ਾਬਿਲ ਬਣਾ ਦੇਵੇਗੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਨੁਸਖ਼ਾ ਹੈ ਜਿਹੜਾ ਆਮ ਤੌਰ ‘ਤੇ ਹਰ ਅਹਮਦੀ ਨੂੰ ਅਤੇ ਖ਼ਾਸ ਤੌਰ ‘ਤੇ **ਵਾਕ਼ਫ਼ੀਨਿ ਜ਼ਿੰਦਗੀ** ਨੂੰ ਆਪਣੀ ਸ਼ੁਕਰ ਗੁਜ਼ਾਰੀ ਦੇ ਮਿਆਰ ਵਧਾਉਣ ਦੇ ਲਈ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਦੀ ਬਹੁਤ ਲੋੜ ਹੈ। ਇਸੇ ਤਰ੍ਹਾਂ ਆਪਣੇ ਬੀਵੀ ਬੱਚਿਆਂ ਵਿੱਚ ਵੀ ਇਸ ਦਾ ਅਹਿਸਾਸ ਪੈਦਾ ਕਰਨ ਦੀ ਲੋੜ ਹੈ। ਕਿਉਂਕਿ ਜਿਸ ਮਕ਼ਸਦ ਦੇ ਲਈ ਵਾਕ਼ਫ਼ੀਨ ਨੇ ਆਪਣੇ ਆਪ ਨੂੰ ਵਕ਼ਫ਼ ਕੀਤਾ ਹੈ, ਉਹ ਬਹੁਤ ਅਜ਼ੀਮ ਮਕ਼ਸਦ ਹੈ ਅਤੇ ਇਸ ਅਜ਼ੀਮ ਮਕ਼ਸਦ ਨੂੰ ਹਾਸਿਲ ਕਰਨ ਦੇ ਲਈ ਅਜ਼ੀਮ ਮਕ਼ਸਦ ਹਾਸਿਲ ਕਰਨ ਵਾਲਿਆਂ ਦੇ ਨਮੂਨੇ ਸਾਹਮਣੇ ਹੋਣੇ ਚਾਹੀਦੇ ਹਨ।

ਜਦ ਆਪ ﷺ ਪਾਣੀ ਪੀਂਦੇ ਤਾਂ ਭਾਂਡੇ ਤੋਂ ਹਟ ਕੇ ਤਿੰਨ ਸਾਹਾਂ ਵਿੱਚ ਪਾਣੀ ਪੀਂਦੇ। ਹਰ ਸਾਹ ‘ਤੇ ਅੱਲਾਹ ਤਆਲਾ ਦੀ **ਹਮਦ** ਕਰਦੇ ਅਤੇ ਆਖ਼ਰੀ ਸਾਹ ‘ਤੇ ਅੱਲਾਹ ਦਾ **ਸ਼ੁਕਰ** ਕਰਦੇ।

ਹਜ਼ੂਰ ਅਨਵਰ ਨੇ ਸਹੀਹ ਬੁਖ਼ਾਰੀ ਤੋਂ ਹਜ਼ਰਤ ਅਬੂ ਹੁਰੈਰਾ ਰਜ਼ਿ ਅੱਲਾਹੁ ਅਨਹੁ ਦੀ ਇੱਕ ਤਫ਼ਸੀਲੀ ਰਿਵਾਇਤ ਪੇਸ਼ ਕੀਤੀ ਜਿਸ ਵਿੱਚ ਉਹ ਸ਼ਦੀਦ ਭੁੱਖ ਦੇ ਆਲਮ ਵਿੱਚ ਰਾਹ-ਗੁਜ਼ਰ ‘ਤੇ ਬੈਠੇ ਲੰਘਣ ਵਾਲਿਆਂ ਕੋਲੋਂ ਕ਼ੁਰਆਨ ਕਰੀਮ ਦੀ ਉਸ ਆਯਤ ਦੇ ਮਾਇਨੇ ਪੁੱਛਦੇ ਸਨ ਜਿਸ ਵਿੱਚ ਸਵਾਲ ਨਾ ਕਰਨ ਵਾਲਿਆਂ ਦਾ ਖ਼ਿਆਲ ਕਰਨ ਦਾ ਹੁਕਮ ਹੈ। ਹਜ਼ਰਤ ਅਬੂ ਹੁਰੈਰਾ ਰਜ਼ਿ ਅੱਲਾਹੁ ਅਨਹੁ ਨੇ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਕੋਲੋਂ ਮਾਇਨੇ ਪੁੱਛੇ, ਪਰ ਉਹ ਹਜ਼ਰਤ ਅਬੂ ਹੁਰੈਰਾ ਰਜ਼ਿ ਅੱਲਾਹੁ ਅਨਹੁ ਦੀ ਹਾਲਤ ਨਾ ਸਮਝੇ। ਪਰ ਜਦ ਉਨ੍ਹਾਂ ਨੇ ਹਜ਼ੂਰ ﷺ ਕੋਲੋਂ ਉਸ **ਆਯਤਿ ਕਰੀਮਾ** ਦੇ ਮਾਇਨੇ ਪੁੱਛੇ ਤਾਂ ਆਪ ﷺ ਮੁਸਕੁਰਾਏ ਅਤੇ ਫ਼ਰਮਾਇਆ ਕਿ ਮੇਰੇ ਪਿੱਛੇ ਆ ਜਾਓ। ਫਿਰ ਹਜ਼ੂਰ ﷺ ਨੇ ਉਨ੍ਹਾਂ ਨੂੰ ਇੱਕ ਦੁੱਧ ਦਾ ਪਿਆਲਾ ਦਿੱਤਾ ਅਤੇ ਉਸ ਦੁੱਧ ਦੇ ਪਿਆਲੇ ਵਿੱਚੋਂ **ਅਹਲਿ ਸੁੱਫ਼ਾ** ਨੇ ਦੁੱਧ ਪੀਤਾ ਅਤੇ ਉਸ ਦੁੱਧ ਦੇ ਛੋਟੇ ਜਿਹੇ ਪਿਆਲੇ ਵਿੱਚ ਅਜਿਹੀ ਬਰਕਤ ਪਈ ਕਿ ਸਭ ਨੇ ਢਿੱਡ ਭਰ ਕੇ ਦੁੱਧ ਪੀਤਾ ਪਰ ਉਸ ਪਿਆਲੇ ਵਿੱਚ ਦੁੱਧ ਫਿਰ ਵੀ ਬਚਿਆ ਰਿਹਾ। ਉਸ ਦੇ ਬਾਅਦ ਆਂਹਜ਼ੂਰ ﷺ ਨੇ ਉਹ ਦੁੱਧ ਦਾ ਪਿਆਲਾ ਲਿਆ ਅਤੇ ਸਭ ਤੋਂ ਪਹਿਲਾਂ ਅੱਲਾਹ ਦਾ **ਸ਼ੁਕਰ** ਕੀਤਾ ਤੇ ਫਿਰ ਉਹ ਬਚਿਆ ਹੋਇਆ ਦੁੱਧ ਪੀਤਾ।

ਆਪ ﷺ ਹਮੇਸ਼ਾ ਆਪਣੇ ਅਹਿਸਾਨ ਕਰਨ ਵਾਲਿਆਂ ਨੂੰ ਯਾਦ ਰੱਖਦੇ ਅਤੇ ਉਨ੍ਹਾਂ ਦਾ **ਉਮਦਾ** ਰੰਗ ਵਿੱਚ ਜ਼ਿਕਰ ਕਰਦੇ। ਉਦਾਹਰਣ ਵੱਜੋਂ ਹਜ਼ਰਤ ਖ਼ਦੀਜਾ ਰਜ਼ਿ ਅੱਲਾਹੁ ਅਨਹਾ ਦਾ ਹਮੇਸ਼ਾ ਜ਼ਿਕਰ ਕਰਦੇ। ਇਸੇ ਤਰ੍ਹਾਂ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਦਾ ਵੀ ਜ਼ਿਕਰ ਹਮੇਸ਼ਾ ਅਜਿਹੇ ਰੰਗ ਵਿੱਚ ਕਰਦੇ ਸਨ।

ਜਦ ਮੁਸਲਮਾਨਾਂ 'ਤੇ ਜ਼ੁਲਮ ਢਾਏ ਗਏ ਤਾਂ ਉਨ੍ਹਾਂ ਨੇ **ਹਬਸ਼ਾ** ਵੱਲ ਹਿਜਰਤ ਕੀਤੀ ਅਤੇ ਹਬਸ਼ਾ ਦੇ ਬਾਦਸ਼ਾਹ **ਨੱਜਾਸ਼ੀ** ਨੇ ਉਨ੍ਹਾਂ ਨੂੰ ਪਨਾਹ ਦਿੱਤੀ। ਆਪ ﷺ ਨੇ ਉਸ ਬਾਦਸ਼ਾਹ ਦੇ ਇਸ ਅਹਿਸਾਨ ਨੂੰ ਹਮੇਸ਼ਾ ਯਾਦ ਰੱਖਿਆ ਅਤੇ ਹਰ ਮੌਕੇ 'ਤੇ ਉਸ ਅਹਿਸਾਨ ਦਾ ਜ਼ਿਕਰ ਫ਼ਰਮਾਇਆ।

ਗ਼ਜ਼ਵਾ ਖ਼ੈਬਰ ਦੇ ਬਾਅਦ ਰਸਤੇ ਵਿੱਚ ਹਜ਼ੂਰ ﷺ ਦੀ ਸ਼ਾਦੀ ਹਜ਼ਰਤ ਸਫ਼ਯਾ ਰਜ਼ਿ ਅੱਲਾਹੁ ਅਨਹਾ ਨਾਲ਼ ਹੋਈ। ਸ਼ਾਦੀ ਵਾਲ਼ੀ ਰਾਤ ਹਜ਼ਰਤ ਅਬੂ ਅੱਯੂਬ ਖ਼ਾਲਿਦ ਬਿਨ ਜ਼ੈਦ ਰਜ਼ਿ ਅੱਲਾਹੁ ਅਨਹੁ ਨੇ ਰਾਤ ਭਰ ਆਪ ﷺ ਦੇ **ਖ਼ੈਮੇ** ਦੇ ਬਾਹਰ ਪਹਿਰਾ ਦਿੱਤਾ। ਜਦ ਆਪ ﷺ ਸਵੇਰੇ ਉੱਠੇ ਅਤੇ ਉਨ੍ਹਾਂ ਨੂੰ ਪਹਿਰਾ ਦਿੰਦੇ ਹੋਏ ਦੇਖਿਆ ਤਾਂ ਉਨ੍ਹਾਂ ਦੇ ਇਖ਼ਲਾਸ ਨੂੰ ਦੇਖਦੇ ਹੋਏ ਆਪ ﷺ ਨੇ ਉਨ੍ਹਾਂ ਨੂੰ ਦੁਆ ਦਿੱਤੀ ਕਿ ਐ ਅੱਲਾਹ! ਤੂੰ ਅਬੂ ਅੱਯੂਬ ਦੀ ਉਸੇ ਤਰ੍ਹਾਂ **ਹਿਫ਼ਾਜ਼ਤ** ਕਰ, ਜਿਸ ਤਰ੍ਹਾਂ ਰਾਤ ਉਸ ਨੇ ਮੇਰੀ ਹਿਫ਼ਾਜ਼ਤ ਕੀਤੀ।

ਹਜ਼ਰਤ ਅਮ੍ਰ ਬਿਨ ਅਖ਼ਤਬ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਇੱਕ ਵਾਰ ਆਂਹਜ਼ੂਰ ﷺ ਨੇ ਪਾਣੀ ਮੰਗਿਆ। ਮੈਂ ਆਪ ﷺ ਲਈ ਪਾਣੀ ਲਿਆਇਆ। ਉਸ ਵਿੱਚ ਇੱਕ ਵਾਲ਼ ਸੀ। ਮੈਂ ਉਹ ਵਾਲ਼ ਕੱਢ ਦਿੱਤਾ। ਆਪ ﷺ ਨੇ ਮੈਨੂੰ ਦੁਆ ਦਿੱਤੀ ਕਿ ਐ ਅੱਲਾਹ! ਇਸ ਨੂੰ ਖ਼ੂਬਸੂਰਤ ਬਣਾ ਦੇ।

ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਦੇ ਲਈ ਆਪ ﷺ ਨੇ **ਮਾਲ** ਅਤੇ **ਔਲਾਦ** ਵਿੱਚ ਬਰਕਤ ਦੀ ਦੁਆ ਦਿੱਤੀ। ਹਜ਼ਰਤ ਅਨਸ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਮੇਰਾ ਮਾਲ ਬਹੁਤ ਜ਼ਿਆਦਾ ਹੈ ਅਤੇ ਮੇਰੀ ਔਲਾਦ ਅਤੇ ਔਲਾਦ ਦੀ ਔਲਾਦ ਦੀ ਤਾਦਾਦ ਅੱਜ 100 ਤੱਕ ਪਹੁੰਚੀ ਹੈ।

ਆਂਹਜ਼ੂਰ ﷺ ਨਸੀਹਤ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਿਸ ਸ਼ਖ਼ਸ 'ਤੇ ਅਹਿਸਾਨ ਕੀਤਾ ਗਿਆ ਅਤੇ ਉਸ ਨੇ ਉਸ ਦਾ ਜ਼ਿਕਰ ਕੀਤਾ ਤਾਂ ਉਸ ਨੇ ਉਸ ਦਾ ਹੱਕ਼ ਅਦਾ ਕਰ ਦਿੱਤਾ ਅਤੇ ਜਿਸ ਨੇ ਉਸ ਨੂੰ ਲੁਕਾਇਆ, ਉਸ ਨੇ ਉਸ ਦੀ ਨਾ-ਸ਼ੁਕਰੀ ਕੀਤੀ।

ਆਂਹਜ਼ੂਰ ﷺ ਤੋਹਫ਼ਾ ਕ਼ਬੂਲ ਕਰਦੇ ਅਤੇ ਉਸ ਦਾ ਬਦਲਾ ਵੀ ਦਿੰਦੇ। ਫ਼ਰਮਾਇਆ, ਜਿਸ ਸ਼ਖ਼ਸ ਨੂੰ ਤੋਹਫ਼ਾ ਦਿੱਤਾ ਜਾਵੇ ਤਾਂ ਜੇਕਰ ਉਸ ਦੀ ਤਾਕ਼ਤ ਹੋਵੇ ਤਾਂ ਤੋਹਫ਼ੇ ਦਾ ਬਦਲਾ ਦੇਵੇ ਅਤੇ ਜੇਕਰ ਤਾਕ਼ਤ ਨਾ ਹੋਵੇ ਤਾਂ ਤੋਹਫ਼ਾ ਦੇਣ ਵਾਲ਼ੇ ਦੀ ਤਾਰੀਫ਼ ਕਰੇ।

ਆਂਹਜ਼ੂਰ ﷺ ਰਾਤ ਨੂੰ ਨਮਾਜ਼ ਵਿੱਚ ਇੰਨੇ ਖੜੇ ਰਹਿੰਦੇ ਕਿ ਆਪ ﷺ ਦੇ ਪੈਰ **ਪਾਟ** ਜਾਂਦੇ। ਇਹ ਦੇਖ ਕੇ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਕਿਹਾ ਕਿ ਐ ਅੱਲਾਹ ਦੇ ਰਸੂਲ! ਆਪ ﷺ ਅਜਿਹਾ ਕਿਉਂ ਕਰਦੇ ਹੋ, ਜਦ ਕਿ ਅੱਲਾਹ ਤਆਲਾ ਨੇ ਆਪ ﷺ ਨੂੰ ਪਹਿਲਾਂ ਵੀ ਅਤੇ ਬਾਅਦ ਵਿੱਚ ਵੀ ਗੁਨਾਹਾਂ ਤੋਂ ਮਹਿਫ਼ੂਜ਼ ਰੱਖਿਆ ਹੈ। ਆਪ ﷺ ਨੇ ਫ਼ਰਮਾਇਆ ਕਿ ਕੀ ਮੈਨੂੰ ਪਸੰਦ ਨਹੀਂ ਕਿ ਮੈਂ ਸ਼ੁਕਰ ਗੁਜ਼ਾਰ ਬਣ ਜਾਵਾਂ?

ਆਂਹਜ਼ੂਰ ﷺ ਨਮਾਜ਼ਾਂ ਵਿੱਚ ਇਸ ਕ਼ਦਰ ਰੋਂਦੇ ਅਤੇ ਕ਼ਯਾਮ ਕਰਦੇ ਕਿ ਆਪ ﷺ ਦੇ ਪੈਰ **ਸੁੱਜ** ਜਾਂਦੇ। ਸਹਾਬਾ ਕਹਿੰਦੇ ਕਿ ਆਪ ﷺ ਇਸ ਕ਼ਦਰ ਆਹੋ-ਜ਼ਾਰੀ ਕਿਉਂ ਕਰਦੇ ਹੋ? ਤਾਂ ਆਪ ﷺ ਫ਼ਰਮਾਉਂਦੇ ਕਿ ਕੀ ਮੈਂ ਆਪਣੇ ਰੱਬ ਦਾ ਸ਼ੁਕਰ ਗੁਜ਼ਾਰ ਬੰਦਾ ਨਾ ਬਣਾਂ?

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ﷺ ਦੀ ਇਹ ਹਾਲਤ ਸਾਡੇ ਸਾਰਿਆਂ ਕੋਲੋਂ **ਤਕ਼ਾਜ਼ਾ** ਕਰਦੀ ਹੈ ਕਿ ਅਸੀਂ ਅੱਲਾਹ ਤਆਲਾ ਦੀਆਂ ਨਿਅਮਤਾਂ ਦੇ ਸ਼ੁਕਰ ਗੁਜ਼ਾਰ ਹੁੰਦੇ ਹੋਏ ਆਪਣੀ ਸ਼ੁਕਰ ਗੁਜ਼ਾਰੀ ਨੂੰ ਇੰਤਿਹਾ ਤੱਕ ਪਹੁੰਚਾਈਏ। ਸ਼ੁਕਰ ਗੁਜ਼ਾਰੀ ਬੈਠ ਜਾਣ ਦਾ ਨਾਮ ਨਹੀਂ ਹੈ। ਸ਼ੁਕਰ ਗੁਜ਼ਾਰੀ ਅਮਲ ਵਿੱਚ ਹੋਰ ਤਰੱਕ਼ੀ ਚਾਹੁੰਦੀ ਹੈ। ਆਂਹਜ਼ੂਰ ﷺ ਤਕ਼ਵਾ ਦੇ ਉੱਚੇ ਤਰੀਨ ਮਿਆਰ 'ਤੇ ਸਨ, ਇਸ ਲਈ ਆਪ ﷺ ਨੇ ਅਬਦਿ ਸ਼ਕੂਰ ਹੋਣ ਦਾ ਵੀ ਉੱਚਾ ਤਰੀਨ ਮਿਆਰ ਹਾਸਿਲ ਕੀਤਾ ਅਤੇ ਸਾਨੂੰ ਤਲਕ਼ੀਨ ਫ਼ਰਮਾਈ ਕਿ ਜੇਕਰ ਅੱਲਾਹ ਤਆਲਾ ਦੇ ਹਕ਼ੀਕ਼ੀ ਬੰਦੇ ਹੋਣ ਦਾ ਹੱਕ਼ ਅਦਾ ਕਰਨਾ ਹੈ ਤਾਂ ਤੁਸੀਂ ਵੀ ਆਪਣੇ ਆਪ ਨੂੰ ਅਬਦਿ ਸ਼ਕੂਰ ਬਣਾਓ। ਜਿਵੇਂ ਜਿਵੇਂ ਅੱਲਾਹ ਤਆਲਾ ਤੁਹਾਡੇ 'ਤੇ

ਆਪਣੇ **ਫ਼ਜ਼ਲ** ਫ਼ਰਮਾਉਂਦਾ ਹੈ, ਉਵੇਂ ਉਵੇਂ ਹੀ ਤੁਸੀਂ ਆਪਣੀ ਇਬਾਦਤ ਦੇ ਮਿਆਰ ਉੱਚੇ ਕਰੋ ਅਤੇ ਸ਼ੁਕਰ ਗੁਜ਼ਾਰੀ ਕਰੋ। ਅੱਲਾਹ ਤਆਲਾ ਦੇ ਫ਼ਜ਼ਲਾਂ ਦੇ ਨਤੀਜੇ ਵਿੱਚ ਸੁਸਤੀ ਨਹੀਂ ਹੋਣੀ ਚਾਹੀਦੀ, ਬਲਕਿ ਇਬਾਦਤ ਗੁਜ਼ਾਰੀ ਵਿੱਚ ਅੱਗੇ ਤੋਂ ਅੱਗੇ ਵਧਣਾ ਚਾਹੀਦਾ ਹੈ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਇੱਕ ਜਗ੍ਹਾ ਫ਼ਰਮਾਇਆ ਕਿ ਨਾਦਾਨ ਹੈ ਉਹ ਸ਼ਖ਼ਸ ਜਿਸ ਨੇ ਕਿਹਾ ਕਿ ਤੇਰੇ ਕਰਮ ਹੀ ਹਨ ਜਿਨ੍ਹਾਂ ਨੇ ਮੈਨੂੰ **ਗੁਸਤਾਖ਼** ਬਣਾ ਦਿੱਤਾ ਹੈ। ਯਾਨੀ ਅੱਲਾਹ ਤਆਲਾ ਦੇ ਕਰਮ ਹਨ ਜਿਨ੍ਹਾਂ ਨੇ ਮੈਨੂੰ ਸ਼ੁਕਰ ਗੁਜ਼ਾਰੀ ਦੀ ਜਗ੍ਹਾ ਗੁਸਤਾਖ਼ ਬਣਾ ਦਿੱਤਾ ਹੈ। ਫ਼ਰਮਾਇਆ, ਖ਼ੁਦਾ ਤਆਲਾ ਦੇ ਫ਼ਜ਼ਲ ਇਨਸਾਨ ਨੂੰ ਗੁਸਤਾਖ਼ ਅਤੇ ਸਰਕਸ਼ ਨਹੀਂ ਬਣਾਇਆ ਕਰਦੇ। ਬਲਕਿ ਹੋਰ ਜ਼ਿਆਦਾ **ਸ਼ੁਕਰ ਗੁਜ਼ਾਰ** ਅਤੇ **ਫ਼ਰਮਾਂਬਰਦਾਰ** ਬਣਾਉਂਦੇ ਹਨ। ਬਸ ਤੁਸੀਂ ਲੋਕ ਪਹਿਲੇ ਤੋਂ ਜ਼ਿਆਦਾ ਫ਼ਰਮਾਂਬਰਦਾਰ ਬਣ ਜਾਓ, ਕਿਉਂਕਿ ਅੱਲਾਹ ਤਆਲਾ ਫ਼ਰਮਾਉਂਦਾ ਹੈ ਕਿ ਜੋ ਵੀ ਤੁਹਾਨੂੰ ਦਿੱਤਾ ਗਿਆ ਹੈ, ਜੇਕਰ ਤੁਸੀਂ ਉਸ 'ਤੇ ਸ਼ੁਕਰ ਕਰੋਗੇ ਤਾਂ ਤੁਹਾਨੂੰ ਮੈਂ ਹੋਰ ਜ਼ਿਆਦਾ ਦੇਵਾਂਗਾ।

ਅੱਲਾਹ ਤਆਲਾ ਸਾਨੂੰ ਹਕ਼ੀਕ਼ੀ **ਸ਼ੁਕਰ ਗੁਜ਼ਾਰ** ਬਣਾਵੇ, ਹਕ਼ੀਕ਼ੀ **ਆਬਿਦ** ਬਣਾਵੇ, ਅਸੀਂ ਹਮੇਸ਼ਾ ਉਸ ਦੇ ਫ਼ਜ਼ਲਾਂ ਨੂੰ ਹਾਸਿਲ ਕਰਨ ਵਾਲੇ ਬਣਦੇ ਰਹੀਏ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞